**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**
**ਐਸ.ਸੀ.ਓ. ਨੰ : 104-106, ਦੂਜੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ**

| ਟੈਲੀਫੋਨ | ਫੈਕਸ | ਈ-ਮੇਲ |
|---|---|---|
| 2621106 | 2624687 | punjabtrainings2011@gmail.com |

**ਵੱਲ**

ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿ)
ਪੰਜਾਬ

**ਮੀਮੋ ਨੰ:SSA/ASPD/TT/2010-11/1757-1798**
**ਮਿਤੀ ਚੰਡੀਗੜ੍ਹ :05.03.2011**

**ਵਿਸ਼ਾ:- ਸਾਲ 2010-11 ਦੀ ਇੰਡਕਸ਼ਨ ਟ੍ਰੇਨਿੰਗਜ਼ ਦੇ ਬੋਰਡ ਪ੍ਰੀਖਿਆ ਡਿਊਟੀ ਵਾਲੇ ਰਿਸੋਰਸ ਪਰਸਨਜ਼ ਦੀ ਥਾਂ ਤੇ ਟ੍ਰੇਨਿੰਗ ਦੇਣ ਹਿੱਤ ਰਿਸੋਰਸ ਪਰਸਨਜ਼ ਦਾ ਬਦਲਵਾਂ ਪ੍ਰਬੰਧ ਕਰਨ ਸਬੰਧੀ।**
**ਹਵਾਲਾ: SSA/ASPD/TT/ /2010-11/17184, ਮਿਤੀ:25.02.2011**

**1.0** ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2010-11 ਦੇ ਨਵੇਂ ਭਰਤੀ ਅੱਪਰ ਪ੍ਰਾਇਮਰੀ ਅਧਿਆਪਕਾਂ ਦੀ ਮਿਤੀ 10.03.2011 ਤੋਂ 29.03.2011 (ਪੰਦਰਾਂ ਰੋਜ਼ਾ) ਤੱਕ ਕਰਵਾਈ ਜਾਣ ਵਾਲੀ ਇੰਡਕਸ਼ਨ ਟ੍ਰੇਨਿੰਗ ਵਿੱਚ ਬਤੌਰ ਰਿਸੋਰਸ ਪਰਸਨਜ਼ ਕੰਮ ਕਰਨ ਵਾਲੇ ਅਧਿਆਪਕਾਂ ਦੀ ਡਿਊਟੀ ਬੋਰਡ ਪ੍ਰੀਖਿਆ ਵਿੱਚ ਲੱਗੀ ਹੋਣ ਦੀ ਸੂਰਤ ਵਿੱਚ ਆਪ ਜੀ ਵਲੋਂ ਉਹਨਾਂ ਦੀ ਥਾਂ ਤੇ ਟ੍ਰੇਨਿੰਗ ਦੇਣ ਹਿੱਤ ਰਿਸੋਰਸ ਪਰਸਨਜ਼ ਦਾ ਬਦਲਵਾਂ ਪ੍ਰਬੰਧ ਕਰਕੇ ਮੁੱਖ ਦਫ਼ਤਰ (ਈ-ਮੇਲ:-punjabtrainings2011@gmail.com ਰਾਹੀ), ਸਬੰਧਤ GISTC/DIET ਅਤੇ ਰਿਸੋਰਸ ਪਰਸਨਜ਼ ਨੂੰ ਜਲਦ ਤੋਂ ਜਲਦ ਸੂਚਿਤ ਕੀਤਾ ਜਾਵੇ।

ਆਪ ਦੇ ਜਿਲ੍ਹੇ ਦੇ ਪਹਿਲਾ ਨਿਯੁਕਤ ਕੀਤੇ ਰਿਸੋਰਸ ਪਰਸਨਜ਼ ਨੂੰ ਮੁੱਖ ਦਫ਼ਤਰ ਵਲੋਂ ਮਿਤੀ 04.03.2011 ਨੂੰ ਕਰਵਾਈ ਟ੍ਰੇਨਿੰਗ ਦੌਰਾਨ ਮੁਹੱਈਆਂ ਕਰਵਾਏ ਮਟੀਰੀਅਲ ਦੀਆਂ CDs ਆਪ ਜੀ ਵਲੋਂ ਉਹਨਾਂ ਪਾਸੋ ਪ੍ਰਾਪਤ ਕਰਕੇ ਬਦਲਵੇਂ ਪ੍ਰਬੰਧ ਵਜੋਂ ਟ੍ਰੇਨਿੰਗ ਲਈ ਲਗਾਏ ਗਏ ਰਿਸੋਰਸ ਪਰਸਨਜ਼ ਨੂੰ ਮੁਹੱਈਆ ਕਰਵਾ ਦਿੱਤੀਆਂ ਜਾਣ।

**2.0** ਆਪ ਵਲੋਂ ਇੰਡਕਸ਼ਨ ਟ੍ਰੇਨਿੰਗ ਦੀ ਮਾਈਕਰੋ-ਪਲਾਨ ਦੀ ਕਾਪੀ, ਸਬੰਧਤ GISTC/DIET ਤੋਂ ਪ੍ਰਾਪਤ ਕਰਕੇ, ਸਮੂਹ ਨਵ ਨਿਯੁਕਤ ਅਧਿਆਪਕਾਂ ਨੂੰ ਟ੍ਰੇਨਿੰਗ ਅਤੇ Venue ਸਬੰਧੀ ਮਿਤੀ:08.03.2011 ਤੱਕ ਸੂਚਿਤ ਕੀਤਾ ਜਾਵੇ।

**3.0** ਆਪ ਦੇ ਜਿਲ੍ਹੇ ਦੇ ਸ਼ੈਸਨ 2010-11 ਵਿੱਚ ਭਰਤੀ ਸਮੂਹ ਨਵ ਨਿਯੁਕਤ ਅਧਿਆਪਕਾਂ ਨੂੰ ਇੰਡਕਸ਼ਨ ਟ੍ਰੇਨਿੰਗ ਸਬੰਧੀ ਸੂਚਿਤ ਕਰਨਾ ਆਪ ਦੀ ਜਿੰਮੇਵਾਰੀ ਹੋਵੇਗੀ।

**4.0** ਹੁਕਮਾਂ ਦੀ ਇੰਨ- ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**

**ਪਿਠ ਅੰਕਣ ਨੰ:ਏਐਸਪੀਡੀ/ਟੀ.ਟੀ/2010-11/ ਉਕਤ ਮਿਤੀ: 05.03.2011**
ਇਸ ਦਾ ਉਤਾਰਾ ਨੂੰ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਸਮੂਹ ਪ੍ਰਿੰਸੀਪਲ ਸਰਕਾਰੀ ਇੰਨ ਸਰਵਿਸ ਟ੍ਰੇਨਿੰਗ ਸੈਂਟਰ ,(Web site ਰਾਹੀ)
2. ਪ੍ਰਿੰਸੀਪਲ ਡਾਇਟ (ਮੋਗਾ,ਮਾਨਸਾ,ਮੁਕਤਸਰ,ਨਵਾਂਸ਼ਹਿਰ,ਫਤਿਹਗੜ੍ਹ ਸਾਹਿਬ) Web site ਰਾਹੀ
3. DM (MIS) ਨੂੰ Web site ਤੇ ਪਾਉਣ ਲਈ

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**